# ਪ੍ਰੈਸ ਨੋਟ

**ਪੁਲਿਸ ਵੱਲੋਂ ਪਿੰਡ ਥਾਂਦੇਵਾਲਾ ਦੇ ਮੰਗਤ ਸਿੰਘ ਦੇ ਕਤਲ ਦੀ ਗੁੱਥੀ 12 ਘੰਟਿਆਂ ਅੰਦਰ ਸੁਲਝਾਈ, 03 ਦੋਸ਼ੀਆਂ ਨੂੰ ਕੀਤਾ ਗ੍ਰਿਫਤਾਰ।**




ਸ੍ਰੀ ਮੁਕਤਸਰ ਸਾਹਿਬ 26 ਅਗਸਤ 2024, ਜਿਲ੍ਹਾ ਪੁਲਿਸ ਮੁੱਖੀ ਸ੍ਰੀ ਤੁਸ਼ਾਰ ਗੁਪਤਾ ਆਈ.ਪੀ.ਐਸ. ਦੀ ਅਗਵਾਈ ਹੇਠ ਸ੍ਰੀ ਮੁਕਤਸਰ ਸਾਹਿਬ ਪੁਲਿਸ ਵੱਲੋਂ ਪਿੰਡ ਥਾਂਦੇ ਵਾਲਾ ਵਿਖੇ ਹੋਏ ਮੰਗਤ ਸਿੰਘ ਦਾ ਕਤਲ ਦੀ 12 ਘੰਟਿਆਂ ਵਿੱਚ ਗੁੱਥੀ ਨੂੰ ਸੁਲਝਾ ਕੇ ਅਤੇ 03 ਵਿਅਕਤੀਆਂ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਿਲ ਕੀਤੀ ਗਈ ਹੈ।

ਸ੍ਰੀ ਤੁਸ਼ਾਰ ਗੁਪਤਾ ਆਈ.ਪੀ.ਐਸ. ਐਸ.ਐਸ.ਪੀ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਮਿਤੀ 23.08.2024 ਨੂੰ ਮੰਗਤ ਸਿੰਘ ਪੁੱਤਰ ਬੰਸਾ ਸਿੰਘ ਵਾਸੀ ਥਾਂਦੇਵਾਲਾ ਦੀ ਲਾਸ਼ ਨਹਿਰ ਵਿੱਚੋਂ ਮਿਲੀ। ਜਿਸ ਤੇ ਮ੍ਰਿਤਕ ਮੰਗਤ ਸਿੰਘ ਦੇ ਚਾਚਾ ਜਸਵੰਤ ਸਿੰਘ ਉਰਫ ਬਬਲੀ ਪੁੱਤਰ ਗੁਰਦੇਵ ਸਿੰਘ ਵਾਸੀ ਪਿੰਡ ਥਾਦੇਵਾਲਾ ਦੇ ਬਿਆਨਾ ਤੇ ਮੁਕੱਦਮਾ ਨੰਬਰ 158 ਅ/ਧ 103(1),3(5),238 ਬੀ.ਐਨ.ਐਸ ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਬਰਖਿਲਾਫ ਜੁਵੈਨਾਇਲ, ਦਲੀਪ ਸਿੰਘ ਉਰਫ ਦੀਪੂ ਪੁੱਤਰ ਸ਼ੀਰਾ ਸਿੰਘ ਅਤੇ ਜਗਨਾਮ ਸਿੰਘ ਪੁੱਤਰ ਉਰਫ ਜੱਗ ਪੁੱਤਰ ਸ਼ਮਸ਼ੇਰ ਸਿੰਘ ਵਾਸੀਆਨ ਥਾਂਦੇਵਾਲਾ ਦਰਜ ਕੀਤਾ ਗਿਆ।

ਜਿਲ੍ਹਾ ਪੁਲਿਸ ਮੁੱਖੀ ਨੇ ਦੱਸਿਆ ਕਿ ਅਧੁਨਿਕ ਢੰਗ ਤਰੀਕਿਆ ਦੀ ਵਰਤੋਂ ਕਰਦਿਆ ਉੱਕਤ ਜੁਵੈਨਾਇਲ, ਦਲੀਪ ਸਿੰਘ ਅਤੇ ਜਗਨਾਮ ਨੂੰ ਕਾਬੂ ਕਰ ਲਿਆ, ਮੁੱਢਲੀ ਪੁੱਛਗਿੱਛ ਦੌਰਾਨ ਮੰਗਤ ਸਿੰਘ ਦੇ ਕਤਲ ਦੀ ਵਜ਼ਾ ਰੰਜਿਸ਼ ਦੱਸੀ ਕਿ ਮੰਗਤ ਸਿੰਘ ਜੋ ਕੇ ਜੁਵੈਨਾਇਲ ਦੀ ਭੈਣ ਤੇ ਅੱਖ ਰੱਖਦਾ ਸੀ, ਜਿਸ ਦੇ ਕਾਰਨ ਲੋਹੇ ਦੀ ਰਾੜ ਮੰਗਤ ਸਿੰਘ ਦੇ ਸਿਰ ਵਿੱਚ ਮਾਰ ਕੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਉਨ੍ਹਾਂ ਕਿਹਾ ਉੱਕਤ ਵਿਅਕਤੀਆਂ ਨੂੰ ਮਾਨਯੋਗ ਅਦਾਲਤ ਵਿਖੇ ਪੇਸ਼ ਕਰਕੇ ਰਿਮਾਂਡ ਹਾਸਿਲ ਕੀਤਾ ਜਾਵੇਗਾ। ਜਿਸ ਤੇ ਹੋਰ ਵੀ ਡੁਘਾਈ ਨਾਲ ਪੁੱਛ ਗਿੱਛ ਕੀਤੀ ਜਾਵੇਗੀ ਜਿਸ ਤੇ ਹੋਰ ਵੀ ਖੁਲਾਸੇ ਹੋਣ ਦੀ ਸੰਭਾਵਨਾਂ ।

ਬ੍ਰਾਮਦਗੀ

ਕਤਲ ਵਿੱਚ ਵਰਤੀ ਲੋਹੇ ਦੀ ਰਾੜ ਜਿਸ ਦੇ ਅੱਗੇ ਸਾਇਕਲ ਚੈਨ ਦੀ ਗਰਾਰੀ ਲੱਗੀ ਸੀ